## ਵਿਦੇਸ਼ ਰਹਿੰਦੇ ਰਿਸ਼ਤੇਦਾਰ ਨੂੰ ਪਿੰਡ ਵਿੱਚ ਆਈਆਂ ਤਬਦੀਲੀਆਂ ਬਾਰੇ ਪੱਤਰ।

ਪ੍ਰੀਖਿਆ ਭਵਨ,

ਸਰਕਾਰੀ ਹਾਈ ਸਕੂਲ,


ਲੋਪੋਕੇ ਸ਼ਹਿਰ।

ਜ਼ਿਲ੍ਹਾ ਅੰਮ੍ਰਿਤਸਰ

ਸਤਿਕਾਰਯੋਗ ਚਾਚਾ ਜੀ,

ਸਤਿ ਸ੍ਰੀ ਅਕਾਲ।

ਤੁਹਾਡੀ ਚਿੱਠੀ ਪਿਛਲੇ ਹਫ਼ਤੇ ਮਿਲੀ ਸੀ। ਸਲਾਨਾ ਪ੍ਰੀਖਿਆਵਾਂ ਚੱਲ ਰਹੀਆਂ ਹੋਣ ਕਾਰਨ ਚਿੱਠੀ ਦਾ ਉੱਤਰ ਛੇਤੀ ਨਹੀਂ ਦੇ ਸਕਿਆ। ਕਨੈਡਾ ਬਾਰੇ ਲਿਖੀਆਂ ਤੁਹਾਡੀਆਂ ਗੱਲਾਂ ਸਾਰਿਆਂ ਨੇ ਬਹੁਤ ਦਿਲਚਸਪੀ ਨਾਲ ਪੜ੍ਹੀਆਂ ਹਨ।



ਤੁਸੀਂ ਆਪਣੇ ਜਾਣ ਪਿੱਛੋਂ ਪਿੰਡ ਵਿੱਚ ਆਈਆਂ ਤਬਦੀਲੀਆਂ ਬਾਰੇ ਜਾਨਣਾ ਚਾਹਿਆ ਹੈ। ਭਾਵੇਂ ਤੁਹਾਨੂੰ ਇਸ ਸਬੰਧੀ ਟੈਲੀਫ਼ੋਨ ‘ਤੇ ਜਾਣਕਾਰੀ ਮਿਲਦੀ ਹੀ ਰਹਿੰਦੀ ਹੈ। ਫਿਰ ਵੀ ਮੈਂ ਇਸ ਚਿੱਠੀ ਰਾਹੀਂ ਪਿੰਡ ਬਾਰੇ ਕੁਝ ਮੋਟੀਆਂ-ਮੋਟੀਆਂ ਗੱਲਾਂ ਸੰਖੇਪ ਵਿਚ ਦੱਸਣ ਦਾ ਯਤਨ ਕਰਦਾ ਹਾਂ।



**ਆਪਣੇ ਪਿੰਡ ਦਾ ਸਕੂਲ ਸੈਕੰਡਰੀ ਪੱਧਰ ਤੱਕ ਅਪਗ੍ਰੇਡ ਹੋ ਗਿਆ ਹੈ। ਮੈਂ ਅਤੇ ਮੇਰੀ ਛੋਟੀ ਭੈਣ ਸਰਬਜੀਤ ਇੱਥੇ ਹੀ ਪੜ੍ਹਦੇ ਹਾਂ।**



# ਪਿੰਡ ਵਿੱਚ ਮੁੱਢਲਾ ਸਿਹਤ ਕੇਂਦਰ ਅਤੇ ਬੈਂਕ ਵੀ ਖੁੱਲ੍ਹ ਚੁੱਕਾ ਹੈ






ਤੁਹਾਡੇ ਇੱਥੇ ਹੁੰਦਿਆਂ ਹੀ ਪਿੰਡ ਵਿੱਚ ਬਿਜਲੀ ਤਾਂ ਘਰ ਘਰ ਆ ਗਈ ਸੀ। ਪ੍ਰੰਤੂ ਹੁਣ ਪਿੰਡ ਵਿੱਚ ਚੌਵੀ ਘੰਟੇ ਬਿਜਲੀ ਸਹੂਲਤ ਵੀ ਮਿਲ ਰਹੀ ਹੈ। ਪਾਣੀ ਦੀ ਸਤਰ ਲਗਾਤਾਰ ਹੇਠਾਂ ਜਾਣ ਕਾਰਨ ਹੁਣ ਘਰਾਂ ਅਤੇ ਖੇਤਾਂ ਵਿੱਚ ਸਬਮਰਸੀਬਲ ਮੋਟਰਾਂ ਲੱਗ ਚੁੱਕੀਆਂ ਹਨ। ਪਿੰਡ ਵਿੱਚ ਸਰਕਾਰ ਵੱਲੋਂ ਡੂੰਘੇ ਬੋਰ ਰਾਹੀਂ ਲੋੜਵੰਦਾਂ ਨੂੰ ਸ਼ੁੱਧ ਪਾਣੀ ਪ੍ਰਦਾਨ ਕੀਤਾ ਜਾ ਰਿਹਾ ਹੈ। ਪੰਚਾਇਤ ਵੱਲੋਂ ਪਿੰਡ ਦੇ ਵਿਕਾਸ ਲਈ ਹਰ ਉਪਰਾਲਾ ਕੀਤਾ ਜਾ ਰਿਹਾ ਹੈ।



ਤੁਹਾਡੇ ਇੱਥੋਂ ਜਾਣ ਪਿੱਛੋਂ ਕਿਸੇ ਵਿਰਲੇ ਘਰ ਵਿੱਚ ਹੀ ਟੈਲੀਫ਼ੋਨ ਹੁੰਦਾ ਸੀ ਪ੍ਰੰਤੂ ਹੁਣ ਤਾਂ ਹਰ ਕੋਈ ਮੋਬਾਈਲ ਕਰਨ ਨਾਲ ਲਾਈ ਫਿਰਦਾ ਹੈ। ਕਈਆਂ ਨੇ ਤਾਂ ਇੰਟਰਨੈੱਟ ਦੇ ਕੁਨੈਕਸ਼ਨ ਵੀ ਲਾਇਆ ਰੱਖੇ ਹਨ।




ਖੇਤੀ ਘਾਟੇ ਵਾਲਾ ਧੰਦਾ ਬਣ ਜਾਣ ਕਾਰਨ ਕਈ ਲੋਕਾਂ ਨੇ ਸਹਾਇਕਾਂ ਦੇ ਸ਼ੁਰੂ ਕਰ ਰੱਖੇ ਹਨ। ਇਸ ਲਈ ਬੈਂਕਾਂ ਨੇ ਕਰਜ਼ੇ ਦੀ ਸੁਵਿਧਾ ਵੀ ਪ੍ਰਦਾਨ ਕੀਤੀ ਹੋਈ ਹੈ। ਅੱਗੇ ਵਾਂਗ ਹੁਣ ਪਿੰਡਾਂ ਵਿੱਚ ਕੋਈ ਵਿਹਲਾ ਬੰਦਾ ਨਹੀਂ ਰਹਿੰਦਾ। ਪਿੰਡ ਦੇ ਕਿੰਨੇ ਹੀ ਲੋਕ ਸ਼ਹਿਰ ਵਿੱਚ ਨੌਕਰੀ ਕਰਨ ਜਾਂਦੇ ਹਨ। ਪਿੰਡ ਦੇ ਕਈ ਕਾਰੀਗਰਾਂ ਨੇ ਸ਼ਹਿਰ ਵਿੱਚ ਆਪਣੀਆਂ ਦੁਕਾਨਾਂ ਖੋਲ ਲਈਆਂ ਹਨ ਜਿਨ੍ਹਾਂ ਤੇ ਆਪਣੇ ਪਿੰਡ ਦੇ ਨਾਂਅ ਦੇ ਬੋਰਡ ਲੱਗੇ ਹੋਏ ਹਨ। ਸਰਪੰਚ ਦਾ ਵੱਡਾ ਲੜਕਾ ਐਮ ਏ ਕਰਕੇ ਨਵੇਂ ਆਰਗੈਨਿਕ ਢੰਗ ਦੀ ਖੇਤੀ ਕਰ ਰਿਹਾ ਹੈ ਅਤੇ ਨਾਲ ਹੀ ਪਿੰਡ ਦੀ ਰਾਜਨੀਤੀ ਵਿੱਚ ਵੀ ਉਸਾਰੂ ਹਿੱਸਾ ਲੈਂਦਾ ਹੈ। ਪਿੰਡ ਦੀਆਂ ਤਿੰਨ ਚਾਰ ਕੁੜੀਆਂ ਅਧਿਆਪਕਾਵਾਂ ਅਤੇ ਨਰਸਾਂ ਲੱਗ ਗਈਆਂ ਹਨ। ਚਾਰ ਕੁੜੀਆਂ ਐਮ.ਬੀ.ਬੀ.ਐਸ.ਅਤੇ ਤਿੰਨ ਕੁੜੀਆਂ ਬੀ. ਐੱਡ ਕਰ ਰਹੀਆਂ ਹਨ।


Should
those



ਇਸ ਤਰ੍ਹਾਂ ਸਮੁੱਚੇ ਤੌਰ ਤੇ ਪਿੰਡ ਦੀ ਨੁਹਾਰ ਹੀ ਬਦਲ ਗਈ ਹੈ। ਜਦੋਂ ਤੁਸੀਂ ਵਾਪਸ ਆਉਣਗੇ ਤਾਂ ਪਿੰਡ ਦੀ ਤਰੱਕੀ ਦੇਖ ਕੇ ਹੈਰਾਨ ਰਹਿ ਜਾਓਗੇ।



ਤੁਸੀਂ ਜਲਦੀ ਆ ਕੇ ਮਿਲ ਜਾਵੇ ਇੱਥੇ ਸਾਰੇ ਤੁਹਾਨੂੰ ਯਾਦ ਕਰਦੇ ਹਨ।

ਤੁਹਾਡੀ ਉਡੀਕ ਵਿੱਚ

ਤੁਹਾਡਾ ਭਤੀਜਾ,

ਗੁਰਜੋਤ ਸਿੰਘ।

ਵੱਲ :

ਨਵਦੀਪ ਸਿੰਘ ਸਿੱਧੂ,

151-32500 ਫਰੇਸਰ ਵੇਅ,

ਐਬਟਸ ਫੋਰਡ, ਬੀ.ਸੀ.

ਕਨੈਡਾ।

ਤਿਆਰ ਕਰਤਾ

ਸੰਦੀਪ ਸਿੰਘ

ਪੰਜਾਬੀ ਮਾਸਟਰ

ਸ. ਹ. ਸ. ਭਿੰਡੀ ਔਲਖ (ਅੰਮ੍ਰਿਤਸਰ )